officers) ਨਾਲ ਗਲਬਾਤ ਕਰਨ ਲਈ ਪਾਬੰਦਤ ਨਹੀਂ ਹਨ।

**ਜੇਕਰ ਪੁਲੀਸ ਮੈਨੂੰ ਹਿਰਾਸਤ ਵਿਚ ਲੈ ਲਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?**
ਅਗਰ ਪੁਲੀਸ ਤੁਹਾਨੂੰ ਕਿਸੇ ਅਜਿਹੀ ਜਗਾਹ ਲੈ ਕੇ ਜਾਂਦੀ ਹੈ ਜਿਥੇ ਨਾਬਾਲਿਗਾਂ ਨੂੰ ਹਿਰਾਸਤ ਵਿਚ ਰੱਖਿਆ ਜਾਂਦਾ ਹੈ ਤਾਂ ਆਮ ਤੌਰ ਤੇ ਤੁਹਾਨੂੰ ਮਾਪਿਆਂ ਜਾਂ ਵਾਰਸਾਂ ਦੀ ਹਿਫਾਜਤ ਵਿਚ ਛੱਡ ਦਿਤਾ ਜਾਂਦਾ ਹੈ ਪਰ ਜੇ ਤੁਹਾਡੇ ਉਪਰ ਕੋਈ ਦੋਸ਼ ਲਗਾਇਆ ਜਾਂਦਾ ਹੈ ਤਾਂ ਤੁਹਾਨੂੰ ਮੁਫਤ ਵਕੀਲ ਮੰਗਣ ਦਾ ਅਧਿਕਾਰ ਹੈ।

**ਸਕੂਲ ਪੜ੍ਹਦੇ ਵਿਦਿਆਰਥੀਆਂ ਦੇ ਕੀ ਹੱਕ ਹਨ?**
ਪਬਲਿਕ ਜਾਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਪਹਿਲੀ ਸੰਵਿਧਾਨਿਕ ਸੋਧ ਦੇ ਅਨੁਸਾਰ ਰਾਜਨੀਤਕ ਸੰਗਠਨ ਵਾਸਤੇ ਇਸ਼ਤਿਹਾਰ ਵੰਡਣ, ਮੀਟਿੰਗਾਂ ਕਰਨ ਅਤੇ ਅਖਬਾਰਾਂ ਛਾਪਣ ਦਾ ਉਦੋਂ ਤੱਕ ਅਧਿਕਾਰ ਹੈ ਜਦੋਂ ਤੱਕ ਅਜਿਹੀਆਂ ਕਾਰਵਾਈਆਂ ਕਲਾਸਾਂ ਵਿਚ ਵਿਘਨ ਨਹੀਂ ਪਾਉਂਦੀਆਂ। ਵਿਦਿਆਰਥੀਆਂ ਨੂੰ ਸਕੂਲ ਵਿਚੋਂ ਤਦ ਹੀ ਬਰਖਾਸਤ ਕੀਤਾ ਜਾ ਸਕਦਾ ਹੈ ਜਦ ਉਹ ਕਿਸੇ ਕਨੂੰਨ ਦੀ ਉਲੰਘਣਾ ਕਰਨ ਜਾਂ ਸਕੂਲ ਦੇ ਕੰਮ-ਕਾਜ ਵਿਚ ਵਿਘਨ ਪਾਉਣ। ਸਕੂਲ ਵਿਚੋਂ ਕੱਢੇ ਜਾਣ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ ਅਤੇ ਵਕੀਲ ਦੀ ਹਾਜਰੀ ਵਿਚ ਆਪਣਾ ਪੱਖ ਪੇਸ਼ ਕਰਨ ਦਾ ਅਧਿਕਾਰ ਹੈ।
ਜੇ ਸਕੂਲ ਦੇ ਕਰਮਚਾਰੀਆਂ ਨੂੰ ਕਿਸੇ ਵਿਦਿਆਰਥੀ ਉਪਰ ਮੁਜਰਮਾਨਾ ਕਾਰਵਾਈਆਂ ਵਿਚ ਸ਼ਾਮਲ ਹੋਣ ਦਾ, ਨਸ਼ੀਲੇ ਪਦਾਰਥ ਜਾਂ ਹਥਿਆਰ ਰੱਖਣ ਦਾ ਸ਼ੱਕ ਹੋਵੇ ਤਾਂ ਉਹ ਉਸ ਵਿਦਿਆਰਥੀ ਦੇ ਲਾਕਰ ਅਤੇ ਬੈਕਪੈਕ ਦੀ ਬਗੈਰ ਵਾਰੰਟ ਤਲਾਸ਼ੀ ਲੈ ਸਕਦੇ ਹਨ। ਅਜਿਹੇ ਮੌਕੇ ਸਕੂਲ ਦੇ ਅਧਿਕਾਰੀਆਂ ਜਾਂ ਪੁਲੀਸ ਅਫਸਰਾਂ ਨਾਲ ਸਹਿਮਤੀ ਪਰਗਟ ਨਾ ਕਰੋ ਅਤੇ ਨਾ ਹੀ ਤਲਾਸ਼ੀ ਵਿਚ ਵਿਘਨ ਪਾਓ। ਜੇਕਰ ਤੁਸੀਂ ਸਰੀਰਕ ਤੌਰ ਤੇ ਤਲਾਸ਼ੀ ਵਿਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕਰਦੇ ਹੋ ਤਾਂ ਤੁਹਾਡੇ ਉਪਰ ਕਾਨੂੰਨ ਤੋੜਨ ਦਾ ਦੋਸ਼ ਲਗ ਸਕਦਾ ਹੈ। ਜੇਕਰ ਕੋਈ ਵਿਦਿਆਰਥੀ ਕਲਾਸ ਵਿਚ ਨਹੀਂ ਹੈ ਤਾਂ ਸਕੂਲ ਦੇ ਅਧਿਕਾਰੀ ਉਸ ਨੂੰ ਪੁੱਛਗਿਛ ਕਰਨ ਵਾਸਤੇ ਸਕੂਲ ਵਿਚ ਰੋਕ ਸਕਦੇ ਹਨ। ਪਰ ਉਹ ਉਸਨੂੰ ਉਸਦੀਆਂ ਰਾਜਨੀਤਕ ਗਤੀਵਿਧੀਆਂ ਕਰਕੇ ਜਾਂ ਉਸਦੇ ਨਸਲ ਜਾਂ ਧਰਮ ਦੇ ਆਧਾਰ ਤੇ ਨਹੀਂ ਰੋਕ ਸਕਦੇ। ਜੇ ਤੁਸੀਂ ਸਮਝਦੇ ਹੋ ਕਿ ਤੁਹਾਡੇ ਹੱਕਾਂ ਦੀ ਉਲੰਘਣਾ ਹੋਈ ਹੈ ਤਾਂ ਇਸ ਪਰਚੇ ਵਿਚ ਵਰਣਤ ਸੰਸਥਾਵਾਂ ਵਿਚੋਂ ਕਿਸੇ ਨਾਲ ਸੰਪਰਕ ਕਰੋ।

ਇਹ ਪਰਚਾ ਅੰਗਰੇਜੀ ਵਿਚ ਨੈਸ਼ਨਲ ਲਾਇਅਰਜ਼ ਗਿਲਡ ਵਲੋਂ ਤਿਆਰ ਕੀਤਾ ਗਿਆ ਹੈ ਜੋ ਕਿ ਇਸ ਵਿਚ ਲਿਖੇ ਤੱਥਾਂ ਲਈ ਪੂਰੀ ਤਰ੍ਹਾਂ ਜਿੰਮੇਵਾਰ ਹੈ। ਇਸ ਪਰਚੇ ਵਿਚ ਕੋਈ ਵੀ ਗਲ ਕਿਸੇ ਵੀ ਕਾਨੂੰਨੀ ਕਾਰਵਾਈ ਵਿਚ ਰੁਕਾਵਟ ਪਾਉਣ ਦੀ ਨੀਅਤ ਨਾਲ ਨਹੀਂ ਲਿਖੀ ਗਈ।
ਨੈਸ਼ਨਲ ਲਾਇਅਰਜ਼ ਗਿਲਡ ੬੫ ਸਾਲ ਪੁਰਾਣੀ ਸੰਸਥਾ ਹੈ ਅਤੇ ਇਸ ਦੇ ਮੈਂਬਰ ਅਗਾਂਹਵਧੂ ਵਕੀਲ, ਕਾਨੂੰਨ ਦੇ ਵਿਦਿਆਰਥੀ ਅਤੇ ਹੋਰ ਖੇਤਰਾਂ ਵਿਚ ਕੰਮ ਕਰਦੇ ਵਿਅਕਤੀ ਹਨ। ਜੇਕਰ ਤੁਸੀਂ ਇਸ ਦੇ ਕੰਮਾਂ ਵਿਚ ਮਾਲੀ ਯੋਗਦਾਨ ਪਾਉਣਾ ਚਾਹੁੰਦੇ ਹੋ ਤਾਂ National Lawyers Guild (Know Your Rights) ਦੇ ਨਾਂ ਤੇ ਚੈੱਕ ਲਿਖਕੇ ਹੇਠ ਲਿਖੇ ਪਤੇ ਉਪਰ ਭੇਜ ਸਕਦੇ ਹੋ।

126 University Place (Fifth Floor)
New York, NY 10003

# ਆਪਣੇ ਅਧਿਕਾਰ ਯਾਦ ਰੱਖੋ

**ਨੈਸ਼ਨਲ ਲਾਇਅਰਜ਼ ਗਿਲਡ**
National Lawyers Guild

ਐੱਨ. ਐੱਲ. ਜੀ. ਪੋਸਟ-911 ਪਰੋਜੈਕਟ
212-679-5100 http://www.nlg.org

ਐੱਨ. ਐੱਲ. ਜੀ. ਇਮੀਗਰੇਸ਼ਨ ਪਰੋਜੈਕਟ
617-227-2656 http://www.nlg.org/nip

ਅਮੈਰਿਕਨ ਇਮੀਗਰੇਸ਼ਨ ਲਾਇਅਰਜ਼ ਐਸੋਸੀਏਸ਼ਨ
800-954-0254

ਸਿਖ ਕੁਲੀਸ਼ਨ
917-771-4801
http://www.sikhcoalition.org

Revised January 8, 2002

Translated by BayAreaSikhs, a grassroots level organization promoting community activism among Sikhs in San Francisco Bay Area.

## ੧. ਮੇਰੇ ਕੋਲ ਕੀ ਅਧਿਕਾਰ ਹਨ?

ਭਾਵੇਂ ਤੁਸੀਂ ਯੂ. ਐਸ. ਨਾਗਰਿਕ (ਸਿਟੀਜ਼ਨ) ਹੋ ਜਾਂ ਨਹੀਂ ਪਰ ਸੰਵਿਧਾਨ ਅਨੁਸਾਰ ਤੁਹਾਨੂੰ ਹੇਠ ਲਿਖੇ ਅਧਿਕਾਰ ਹਨ:

- **ਚੁੱਪ ਰਹਿਣ ਦਾ ਅਧਿਕਾਰ** – ਸੰਵਿਧਾਨ ਦੀ ਪੰਜਵੀਂ ਸੋਧ ਦੇ ਅਨੁਸਾਰ ਹਰ ਇਨਸਾਨ ਨੂੰ ਪੁਲੀਸ ਜਾਂ ਸਰਕਾਰੀ ਕਰਮਚਾਰੀਆਂ ਵਲੋਂ ਕੀਤੀ ਜਾ ਰਹੀ ਪੁੱਛਗਿਛ ਵੇਲੇ ਚੁੱਪ ਰਹਿਣ ਦਾ ਅਧਿਕਾਰ ਹੈ।
- **ਬਗੈਰ ਕਾਰਨ ਕੀਤੀਆਂ ਜਾਂਦੀਆਂ ਤਲਾਸ਼ੀਆਂ ਜਾਂ ਜਬਤੀਆਂ ਤੋਂ ਬਚਣ ਦਾ ਅਧਿਕਾਰ** – ਸੰਵਿਧਾਨ ਦੀ ਚੌਥੀ ਸੋਧ ਤੁਹਾਡੇ ਨਿੱਜੀ ਹੱਕਾਂ ਦੀ ਰਾਖੀ ਕਰਦੀ ਹੈ। ਪੁਲੀਸ ਜਾਂ ਸਰਕਾਰੀ ਏਜੰਟ ਵਾਰੰਟ ਤੋਂ ਬਗੈਰ ਤੁਹਾਡੀ ਮਰਜੀ ਦੇ ਵਿਰੁੱਧ ਤੁਹਾਡੇ ਘਰ ਜਾਂ ਦਫਤਰ ਦੀ ਤਲਾਸ਼ੀ ਨਹੀਂ ਲੈ ਸਕਦੇ ਅਤੇ ਤੁਹਾਨੂੰ ਇਹ ਅਧਿਕਾਰ ਹੈ ਕਿ ਤੁਸੀਂ ਉਹਨਾਂ ਨੂੰ ਅੰਦਰ ਆਉਣ ਤੋਂ ਇਨਕਾਰ ਕਰ ਸਕਦੇ ਹੋ। ਪਰ ਕਿਸੇ ਐਮਰਜੈਂਸੀ ਵੇਲੇ ਪੁਲੀਸ ਜਾਂ ਸਰਕਾਰੀ ਏਜੰਟ ਵਾਰੰਟ ਤੋਂ ਬਗੈਰ ਵੀ ਤੁਹਾਡੇ ਘਰ ਜਾਂ ਦਫਤਰ ਦੀ ਤਲਾਸ਼ੀ ਲੈ ਸਕਦੇ ਹਨ। ਨਵੇਂ ਬਣੇ ਕਾਨੂੰਨਾਂ ਨੇ ਸਰਕਾਰ ਦੇ ਨਿਗਰਾਨੀ ਰੱਖਣ ਦੇ ਅਧਿਕਾਰ ਵਧਾ ਦਿਤੇ ਹਨ। ਇਹਨਾ ਕਾਨੂੰਨਾਂ ਅਧੀਨ ਤੁਹਾਡੀ ਈਮੇਲ, ਫੋਨ, ਘਰ, ਦਫਤਰ ਜਾਂ ਕਾਰ ਵਿਚ ਹੁੰਦੀ ਵਾਰਤਾਲਾਪ ਤੁਹਾਡੇ ਗਿਆਨ ਤੋਂ ਬਗੈਰ ਪੜ੍ਹੀ ਜਾਂ ਸੁਣੀ ਜਾ ਸਕਦੀ ਹੈ।
- **ਤਬਦੀਲੀ ਲਿਆਉਣ ਲਈ ਪਰਚਾਰ ਕਰਨ ਦਾ ਅਧਿਕਾਰ** – ਸੰਵਿਧਾਨ ਦੀ ਪਹਿਲੀ ਸੋਧ ਉਹਨਾਂ ਨਾਗਰਿਕਾਂ ਜਾਂ ਗਰੁੱਪਾਂ ਦੇ ਹੱਕਾਂ ਦੀ ਰਾਖੀ ਕਰਦੀ ਹੈ ਜੋ ਕਿ ਕਾਨੂੰਨ, ਸਰਕਾਰੀ ਕੰਮਾਂ ਕਾਰਾਂ ਜਾਂ ਸਰਕਾਰੀ ਢਾਂਚੇ ਵਿਚ ਤਬਦੀਲੀਆਂ ਵਾਸਤੇ ਪਰਚਾਰ ਕਰਦੇ ਹਨ। ਪਰ ਆਈ. ਐੱਨ. ਐੱਸ. ਐਸੀਆਂ ਤਬਦੀਲੀਆਂ ਵਾਸਤੇ ਪਰਚਾਰ ਕਰਦੇ ਗੈਰ-ਨਾਗਰਿਕਾਂ ਨੂੰ ਦੇਸ਼ ਵਿਚੋਂ ਕੱਢ ਸਕਦੀ ਹੈ ਜੇਕਰ ਉਸ ਕੋਲ ਉਹਨਾਂ ਖਿਲਾਫ ਕੋਈ ਹੋਰ ਕਾਰਵਾਈ ਕਰਨ ਦਾ ਕਾਰਨ ਹੋਵੇ।

**ਸੰਵਿਧਾਨਕ ਅਧਿਕਾਰ ਕਦੇ ਵੀ ਮੁਅੱਤਲ ਨਹੀਂ ਕੀਤੇ ਜਾ ਸਕਦੇ – ਇਥੋਂ ਤੱਕ ਕਿ ਐਮਰਜੈਂਸੀ ਜਾਂ ਲੜਾਈ ਦੇ ਦੌਰਾਨ ਵੀ ਨਹੀਂ। ਇਹ ਅਧਿਕਾਰ ਪੇਟਰੀਅਟ ਐਕਟ ਜਾਂ ਨਵੇਂ ਬਣੇ ਕਾਨੂੰਨਾਂ ਅਧੀਨ ਵੀ ਮੁਅੱਤਲ ਨਹੀਂ ਹੋਏ।**

## ੨. ਜੇਕਰ ਪੁਲੀਸ ਜਾਂ ਐਫ. ਬੀ. ਆਈ. ਮੇਰੇ ਨਾਲ ਸੰਪਰਕ ਕਰੇ?

**ਜੇਕਰ ਪੁਲੀਸ ਜਾਂ ਐੱਫ. ਬੀ. ਆਈ. ਮੇਰੀ ਪੁੱਛਗਿਛ ਕਰਦੀ ਹੈ?**
ਤੁਸੀਂ ਪੁਲੀਸ, ਐਫ. ਬੀ. ਆਈ., ਆਈ. ਐੱਨ. ਐੱਸ. ਜਾਂ ਕਿਸੇ ਹੋਰ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਨਾਲ ਗਲਬਾਤ ਕਰਨ ਵਾਸਤੇ ਪਾਬੰਦਤ ਨਹੀਂ ਹੋ। ਤੁਹਾਨੂੰ ਕਾਨੂੰਨੀ ਤੌਰ ਤੇ ਇਸ ਕਰਕੇ ਹਿਰਾਸਤ ਵਿਚ ਨਹੀਂ ਲਿਆ ਜਾ ਸਕਦਾ ਕਿ ਤੁਸੀਂ ਆਪਣੀ ਪਛਾਣ ਦੱਸਣ ਤੋਂ ਇਨਕਾਰ ਕੀਤਾ ਹੈ ਪਰ ਐਸਾ ਕਰਨ ਨਾਲ ਤੁਸੀਂ ਇਹਨਾਂ ਏਜੰਸੀਆਂ ਦੇ ਅਧਿਕਾਰੀਆਂ ਦੀਆਂ ਨਜਰਾਂ ਵਿਚ ਸ਼ੱਕੀ ਬਣ ਸਕਦੇ ਹੋ ਅਤੇ ਯਾਦ ਰੱਖੋ ਕਿ ਉਹ ਆਪ ਸਦਾ ਕਾਨੂੰਨ ਦੀ ਪਾਲਣਾ ਨਹੀਂ ਕਰਦੇ। ਜੇਕਰ ਤੁਹਾਨੂੰ ਕਿਧਰੇ ਕਾਰ ਚਲਾਉਂਦਿਆਂ ਰੋਕਿਆ ਗਿਆ ਹੈ ਤਾਂ ਪੁੱਛੇ ਜਾਣ ਉਪਰੰਤ ਤੁਹਾਨੂੰ ਆਪਣਾ ਡਰਾਈਵਰ ਲਾਈਸੈਂਸ ਅਤੇ ਕਾਰ ਰੈਜਿਸਟਰੇਸ਼ਨ ਵਿਖਾਉਣੀ ਪਵੇਗੀ। ਇਸ ਤੋਂ ਇਲਾਵਾ ਤੁਹਾਨੂੰ ਕਿਸੇ ਨਾਲ ਗਲਬਾਤ ਕਰਨ ਦੀ ਲੋੜ ਨਹੀਂ ਹੈ ਭਾਵੇਂਕਿ ਤੁਸੀਂ ਬਾਹਰ ਹੋ, ਘਰ ਜਾਂ ਦਫਤਰ ਵਿਚ ਹੋ, ਹਿਰਾਸਤ ਵਿਚ ਹੋ ਜਾਂ ਜੇਲ ਵਿਚ ਹੋ। ਤੁਹਾਨੂੰ ਜੁਆਬ ਦੇਣ ਦਾ ਹੁਕਮ ਕਾਨੂੰਨੀ ਤੌਰ ਤੇ ਸਿਰਫ ਇਕ ਜੱਜ ਹੀ ਦੇ ਸਕਦਾ ਹੈ।

**ਕੀ ਮੈਨੂੰ ਵਕੀਲ ਕਰਨ ਦੀ ਜਰੂਰਤ ਹੈ?**
ਜੇਕਰ ਪੁਲੀਸ ਜਾਂ ਐੱਫ. ਬੀ. ਆਈ. ਤੁਹਾਡੀ ਪੁੱਛਗਿਛ ਕਰਦੀ ਹੈ ਤਾਂ ਸਭ ਤੋਂ ਪਹਿਲਾਂ ਇਹ ਕਹੋ ਕਿ ਤੁਸੀਂ ਕਿਸੇ ਵਕੀਲ ਨਾਲ ਗਲ ਕਰਨੀ ਚਾਹੁੰਦੇ ਹੋ। ਤੁਹਾਡੇ ਏਨਾ ਕਹਿਣ ਤੋਂ ਉਪਰੰਤ ਪੁੱਛਗਿਛ ਬੰਦ ਹੋ ਜਾਣੀ ਚਾਹੀਦੀ ਹੈ ਅਤੇ ਵਧੇਰੇ ਗਲਬਾਤ ਵਕੀਲ ਰਾਹੀਂ ਹੀ ਹੋਣੀ ਚਾਹੀਦੀ ਹੈ। ਤੁਹਾਨੂੰ ਇਸ ਤਰ੍ਹਾਂ ਵਕੀਲ ਮੰਗਣ ਦਾ ਹੱਕ ਹੈ ਭਾਵੇਂਕਿ ਤੁਸਾਂ ਪਹਿਲਾਂ ਕਿਸੇ ਵਕੀਲ ਨਾਲ ਗਲ ਕੀਤੀ ਹੋਵੇ ਜਾਂ ਨਾਂ। ਪੁੱਛਗਿਛ ਕਰਨ ਵਾਲਿਆਂ ਦੇ ਨਾਂ, ਬੈਜ ਅਤੇ ਫੋਨ ਨੰਬਰ ਆਦਿਕ ਲਿਖ ਕੇ ਰੱਖ ਲਵੋ ਅਤੇ ਐੱਨ. ਐੱਲ. ਜੀ. ਜਾਂ ਕਿਸੇ ਫੋਜਦਾਰੀ ਵਕੀਲ ਨਾਲ ਸਲਾਹ ਕਰੋ। ਤੁਹਾਨੂੰ ਸਰਕਾਰੀ ਵਕੀਲ ਓਨਾ ਚਿਰ ਨਹੀਂ ਦਿਤਾ ਜਾਂਦਾ ਜਿਨਾਂ ਚਿਰ ਤੁਹਾਡੇ ਉਪਰ ਕਿਸੇ ਜੁਰਮ ਦਾ ਦੋਸ਼ ਨਹੀਂ ਲੱਗ ਜਾਂਦਾ ਪਰ ਐੱਨ. ਐੱਲ. ਜੀ. ਜਾਂ ਇਸ ਪਰਚੇ ਵਿਚ ਵਰਣਤ ਸੰਸਥਾਵਾਂ ਤੁਹਾਨੂੰ ਮੁਫਤ ਜਾਂ ਘੱਟ ਫੀਸ ਵਾਲਾ ਵਕੀਲ ਲੱਭ ਕੇ ਦੇ ਸਕਦੀਆਂ ਹਨ।

**ਜੇਕਰ ਮੈਂ ਪੁਲੀਸ ਜਾਂ ਐੱਫ. ਬੀ. ਆਈ. ਦੇ ਸਵਾਲਾਂ ਦੇ ਜਵਾਬ ਦੇਣ ਤੋਂ ਨਾਂਹ ਕਰਾਂ ਜਾਂ ਵਕੀਲ ਦੀ ਮੰਗ ਕਰਾਂ ਤਾਂ ਕੀ ਉਹ ਇਹ ਨਹੀਂ ਸਮਝਣਗੇ ਕਿ ਮੈਂ ਕੁੱਝ ਲੁਕਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ?**
ਐੱਫ. ਬੀ. ਆਈ. ਜਾਂ ਇਸ ਤਰ੍ਹਾਂ ਦੀਆਂ ਹੋਰਨਾਂ ਸਰਕਾਰੀ ਏਜੰਸੀਆਂ ਨਾਲ ਗਲਬਾਤ ਕਰਨੀ ਖਤਰਨਾਕ ਹੋ ਸਕਦੀ ਹੈ। ਤੁਹਾਨੂੰ ਕਦੇ ਵੀ ਪਤਾ ਨਹੀਂ ਲੱਗ ਸਕਦਾ ਕਿ ਕੋਈ ਮਾਮੂਲੀ ਜਿਹਾ ਤੱਥ ਕਿਵੇਂ ਤੁਹਾਡੇ ਜਾਂ ਕਿਸੇ ਹੋਰ ਦੇ ਖਿਲਾਫ ਵਰਤਿਆ ਜਾ ਸਕਦਾ ਹੈ। ਏਸੇ ਕਰਕੇ ਹੀ ਸੰਵਿਧਾਨ ਵਲੋਂ ਤੁਹਾਨੂੰ ਚੁੱਪ ਰਹਿਣ ਦਾ ਮੁੱਢਲਾ ਅਧਿਕਾਰ ਹੈ। ਤੁਹਾਡੇ ਨਾਲ ਗਲਬਾਤ ਕਰਦੇ ਸਮੇਂ ਐੱਫ. ਬੀ. ਆਈ. ਵਰਗੀਆਂ ਏਜੰਸੀਆਂ ਸਿਰਫ ਦਹਿਸ਼ਤਗਰਦਾਂ ਨੂੰ ਹੀ ਨਹੀਂ ਲੱਭ ਰਹੀਆਂ। ਇਸ ਦੇ ਨਾਲ ਨਾਲ ਉਹ ਬੇਕਸੂਰੇ ਗੈਰ-ਨਾਗਰਿਕਾਂ (immigrants) ਅਤੇ ਸਰਗਰਮ ਵਿਅਕਤੀਆਂ (activists) ਬਾਰੇ ਵੀ ਜਾਣਕਾਰੀ ਇਕੱਠੀ ਕਰ ਰਹੀਆਂ ਹਨ। ਇਹ ਵੀ ਯਾਦ ਰੱਖੋ ਕਿ ਪੁਲੀਸ ਅਤੇ ਐੱਫ. ਬੀ. ਆਈ. ਦੇ ਅਧਿਕਾਰੀਆਂ ਨੂੰ ਤੁਹਾਡੇ ਨਾਲ ਝੂਠ ਬੋਲਣ ਦੀ ਇਜਾਜਤ ਹੈ ਅਤੇ ਬਹੁਤ ਵੇਰਾਂ ਉਹ ਝੂਠ ਬੋਲਦੇ ਵੀ ਹਨ ਪਰ ਤੁਹਾਡਾ ਉਹਨਾਂ ਸਾਹਮਣੇ ਝੂਠ ਬੋਲਣਾ ਇਕ ਜੁਰਮ ਹੈ। ਪੁੱਛਗਿਛ ਦੌਰਾਨ ਤੁਹਾਡੇ ਲਈ ਇਹੀ ਕਹਿਣਾ ਬਿਹਤਰ ਹੈ ਕਿ "**ਮੈਂ ਚੁੱਪ ਰਹਿਣਾ ਚਾਹੁੰਦਾ ਹਾਂ**", "**ਮੈਂ ਵਕੀਲ ਨਾਲ ਗਲ ਕਰਨੀ ਚਾਹੁੰਦਾ ਹਾਂ**" ਅਤੇ "**ਮੈਂ ਤਲਾਸ਼ੀ ਦੇਣ ਲਈ ਸਹਿਮਤ ਨਹੀਂ ਹਾਂ।**"

**ਕੀ ਪੁਲੀਸ ਜਾਂ ਐੱਫ. ਬੀ. ਆਈ. ਮੇਰੇ ਘਰ ਜਾਂ ਦਫਤਰ ਦੀ ਤਲਾਸ਼ੀ ਲੈ ਸਕਦੀ ਹੈ?**
ਜੇਕਰ ਤਲਾਸ਼ੀ ਲੈਣ ਆਏ ਅਧਿਕਾਰੀਆਂ ਕੋਲ ਤਲਾਸ਼ੀ ਲੈਣ ਵਾਸਤੇ ਵਾਰੰਟ ਨਹੀਂ ਹੈ ਤਾਂ ਤੁਸੀਂ ਉਹਨਾਂ ਆਪਣੇ ਘਰ ਜਾਂ ਦਫਤਰ ਵਿਚ ਵੜਨ ਦੇਣ ਤੋਂ ਇਨਕਾਰ ਕਰ ਸਕਦੇ ਹੋ। ਪਰ ਤੁਹਾਡੇ ਨਾਲ ਰਹਿੰਦਾ ਕੋਈ ਵਿਅਕਤੀ ਜਾਂ ਤੁਹਾਨੂੰ ਕੰਮ ਦੇਣ ਵਾਲਾ ਕੋਈ ਵਿਅਕਤੀ ਕਾਨੂੰਨੀ ਤੌਰ ਤੇ ਤੁਹਾਡੀ ਰਿਹਾਇਸ਼ੀ ਜਗਾਹ ਹਾਂ ਦਫਤਰ ਦੀ ਤਲਾਸ਼ੀ ਦੇਣ ਲਈ ਸਹਿਮਤ ਹੋ ਸਕਦਾ ਹੈ ਜੇਕਰ ਤਲਾਸ਼ੀ ਦੀ ਮੰਗ ਕਰ ਰਹੇ ਅਧਿਕਾਰੀਆਂ ਨੂੰ ਵਿਸ਼ਵਾਸ਼ ਹੋਵੇ ਕਿ ਉਸ ਕੋਲ ਐਸਾ ਕਰਨ ਦਾ ਅਧਿਕਾਰ ਹੈ। ਜੇਕਰ ਪੁਲੀਸ ਜਾਂ ਐੱਫ. ਬੀ. ਆਈ. ਗੈਰ

ਕਾਨੂੰਨੀ ਤੌਰ ਤੇ ਤੁਹਾਡੀ ਤਲਾਸ਼ੀ ਲੈਣ ਦੀ ਕੋਸ਼ਿਸ਼ ਕਰਦੀ ਹੈ ਤਾਂ ਸਰੀਰਕ ਤਾਕਤ ਵਰਤ ਕੇ ਤਲਾਸ਼ੀ ਵਿਚ ਰੁਕਾਵਟ ਨਾ ਪਾਓ। ਅਜਿਹਾ ਕਰਨ ਨਾਲ ਤੁਹਾਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਐਸੇ ਮੌਕੇ ਤੁਹਾਡੇ ਲਈ ਇਹੀ ਕਹਿਣਾ ਬਿਹਤਰ ਹੈ ਕਿ "ਮੈਂ ਤਲਾਸ਼ੀ ਦੇਣ ਲਈ ਸਹਿਮਤ ਨਹੀਂ ਹਾਂ।"

ਕੀ ਮੈਨੂੰ ਗ੍ਰਿਫਤਾਰ ਕਰਨ ਆਏ ਪੁਲੀਸ ਜਾਂ ਐਫ. ਬੀ. ਆਈ. ਦੇ ਅਧਿਕਾਰੀ ਮੇਰੇ ਘਰ ਦੀ ਤਲਾਸ਼ੀ ਲੈ ਸਕਦੇ ਹਨ?
ਉਹ ਵਾਰੰਟ ਤੋਂ ਬਗੈਰ ਤੁਹਾਡੇ ਸਾਰੇ ਘਰ ਦੀ ਤਲਾਸ਼ੀ ਨਹੀਂ ਲੈ ਸਕਦੇ ਪਰ ਜਿਸ ਜਗਾਹ ਤੋਂ ਤੁਹਾਨੂੰ ਗ੍ਰਿਫਤਾਰ ਕੀਤਾ ਗਿਆ ਹੈ ਉਸ ਦੇ ਨੇੜੇ ਨੇੜੇ ਤਲਾਸ਼ੀ ਲੈ ਸਕਦੇ ਹਨ।

ਜੇਕਰ ਮੈਂ ਘਰ ਵਿਚ ਨਾਂ ਹੋਵਾਂ?
ਨਵੇਂ ਬਣੇ ਪੇਟਰੀਅਟ ਐਕਟ ਦੇ ਅਧੀਨ ਸਰਕਾਰੀ ਅਧਿਕਾਰੀ ਤੁਹਾਨੂੰ ਦੱਸੇ ਬਗੈਰ ਚੋਰੀ ਛੁੱਪੇ ਤੁਹਾਡੇ ਘਰ ਦੀ ਤਲਾਸ਼ੀ ਲੈ ਸਕਦੇ ਹਨ। ਜੇਕਰ ਤੁਹਾਨੂੰ ਅਜਿਹਾ ਸ਼ੱਕ ਪਵੇ ਜਾਂ ਤੁਹਾਨੂੰ ਲੱਗੇ ਕਿ ਤੁਹਾਡੀ ਨਿਗਰਾਨੀ ਹੋ ਰਹੀ ਹੈ ਤਾਂ ਤੁਸੀਂ ਕਿਸੇ ਫੌਜਦਾਰੀ ਵਕੀਲ਼ ਜਾਂ ਇਸ ਪਰਚੇ ਵਿਚ ਵਰਣਤ ਸੰਸਥਾ ਨਾਲ ਸੰਪਰਕ ਕਰੋ।

ਜੇਕਰ ਸਰਕਾਰੀ ਅਧਿਕਾਰੀਆਂ ਕੋਲ ਤਲਾਸ਼ੀ ਲੈਣ ਦਾ ਵਾਰੰਟ ਹੋਵੇ?
ਤੁਸੀਂ ਉਹਨਾਂ ਕੋਲੋਂ ਵਾਰੰਟ ਵੇਖਣ ਦੀ ਮੰਗ ਕਰੋ। ਵਾਰੰਟ ਵਿਚ ਤਲਾਸ਼ੀ ਹੋਣ ਵਾਲੀਆਂ ਥਾਵਾਂ ਅਤੇ ਪਕੜੇ ਜਾਣ ਵਾਲੇ ਵਿਅਕਤੀਆਂ ਅਤੇ ਵਸਤਾਂ ਦਾ ਵਿਸਥਾਰ ਦਿਤਾ ਹੁੰਦਾ ਹੈ। ਜੇ ਅਧਿਕਾਰੀਆਂ ਕੋਲ ਤਲਾਸ਼ੀ ਲੈਣ ਦਾ ਵਾਰੰਟ ਹੋਵੇ ਤਾਂ ਤੁਸੀਂ ਉਹਨਾਂ ਨੂੰ ਤਲਾਸ਼ੀ ਲੈਣ ਤੋਂ ਰੋਕ ਨਹੀਂ ਸਕਦੇ ਪਰ ਤੁਸੀਂ ਇਹ ਕਹਿ ਸਕਦੇ ਹੋ ਕਿ ਤੁਸੀਂ ਤਲਾਸ਼ੀ ਦੇਣ ਲਈ ਸਹਿਮਤ ਨਹੀਂ ਹੋ। ਤੁਹਾਡੇ ਐਸਾ ਕਹਿਣ ਨਾਲ ਉਹ ਸਿਰਫ ਵਾਰੰਟ ਵਿਚ ਲਿਖੇ ਅਨੁਸਾਰ ਹੀ ਤਲਾਸ਼ੀ ਲੈ ਸਕਦੇ ਹਨ। ਤੁਸੀਂ ਤਲਾਸ਼ੀ ਕਰਨ ਆਏ ਅਧਿਕਾਰੀਆਂ ਕੋਲੋਂ ਤਲਾਸ਼ੀ ਹੁੰਦੀ ਵੇਖਣ ਦੀ ਇਜਾਜਤ ਦੀ ਮੰਗ ਕਰੋ ਅਤੇ ਤਾਂ ਤਲਾਸ਼ੀ ਕਰ ਰਹੇ ਅਧਿਕਾਰੀਆਂ ਦੇ ਨਾਂ, ਬੈਜ ਨੰਬਰ ਅਤੇ ਮਹਿਕਮੇ ਦਾ ਨਾਂ ਲਿਖ ਲਵੋ। ਆਪਣੇ ਮਿੱਤਰਾਂ ਜਾਂ ਸਬੰਧੀਆਂ ਨੂੰ ਤਲਾਸ਼ੀ ਦੇ ਗਵਾਹ ਬਨਣ ਲਈ ਕਹੋ। ਫਿਰ ਇਹ ਸਾਰੀ ਜਾਣਕਾਰੀ ਆਪਣੇ ਵਕੀਲ ਨੂੰ ਦੇ ਦਿਓ। ਜੇਕਰ ਸਰਕਾਰੀ ਅਧਿਕਾਰੀ ਤੁਹਾਡੇ ਕੋਲੋਂ ਕਿਸੇ ਦਸਤਾਵੇਜ ਜਾਂ ਕੰਮਪਿਊਟਰ ਆਦਿਕ ਦੀ ਮੰਗ ਕਰਨ ਤਾਂ ਗੌਰ ਨਾਲ ਵੇਖੋ ਕਿ ਇਹਨਾਂ ਚੀਜਾਂ ਬਾਰੇ ਵਾਰੰਟ ਵਿਚ ਕੀ ਲਿਖਿਆ ਹੈ। ਜੇਕਰ ਤੁਹਾਨੂੰ ਅਜਿਹਾ ਕੁਝ ਲਿਖਿਆ ਨਜਰ ਨਹੀਂ ਆਉਂਦਾ ਤਾਂ ਤੁਸੀ ਅਧਿਕਾਰੀਆਂ ਨੂੰ ਇਹ ਕਹੋ ਕਿ ਉਹ ਇਹ ਚੀਜਾਂ ਵਕੀਲ ਨਾਲ ਗਲ ਕਰਨ ਤੋਂ ਬਗੈਰ ਨਹੀਂ ਲਿਜਾ ਸਕਦੇ। ਯਾਦ ਰੱਖੋ ਕਿ ਤੁਹਾਨੂੰ ਅਧਿਕਾਰੀਆਂ ਦੇ ਸਵਾਲਾਂ ਦੇ ਜਵਾਬ ਦੇਣ ਦੀ ਜਰੂਰਤ ਨਹੀਂ ਹੈ ਭਾਵੇਂਕਿ ਉਹਨਾਂ ਕੋਲ ਤਲਾਸ਼ੀ ਦੇ ਵਾਰੰਟ ਹਨ।

ਜੇਕਰ ਪੁਲੀਸ ਮੈਨੂੰ ਕਿਧਰੇ ਰਾਹ ਵਿਚ ਰੋਕ ਲੈਂਦੀ ਹੈ?
ਪਹਿਲਾਂ ਪੁਲੀਸ ਵਾਲਿਆਂ ਨੂੰ ਪੁੱਛੋ ਕਿ ਕੀ ਤੁਹਾਨੂੰ ਜਾਣ ਦੀ ਇਜਾਜਤ ਹੈ। ਜੇਕਰ ਉਹ ਹਾਂ ਕਹਿਣ ਤਾਂ ਚੁੱਪਚਾਪ ਉਥੋਂ ਚਲੇ ਜਾਓ ਪਰ ਜੇਕਰ ਉਹ ਨਾਂਹ ਕਹਿਣ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਤੁਸੀਂ ਉਹਨਾਂ ਦੀ ਗ੍ਰਿਫਤਾਰੀ ਵਿਚ ਹੋ ਪਰ ਉਹ ਤੁਹਾਡੀ ਬਾਹਰਲੀ ਤਲਾਸ਼ੀ ਲੈਣ ਲਈ ਤੁਹਾਨੂੰ ਰੋਕ ਕੇ ਰਖ ਸਕਦੇ ਹਨ। ਅਜਿਹੀ ਤਲਾਸ਼ੀ ਕਪੜਿਆਂ ਤੋਂ ਬਾਹਰ ਬਾਹਰ ਟੋਹ ਕੇ ਕੀਤੀ ਜਾਂਦੀ ਹੈ। ਇਸ ਤੋਂ ਵਧੇਰੇ ਤਲਾਸ਼ੀ ਦੇਣ ਲਈ ਸਹਿਮਤ ਨਾ ਹੋਵੋ ਪਰ ਜੇਕਰ ਪੁਲੀਸ ਵਾਲੇ ਇਸ ਤੋਂ ਵੱਧ ਤਲਾਸ਼ੀ ਲੈਂਦੇ ਹਨ ਜਾਂ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਕਰਦੇ ਹਨ ਤਾਂ ਸ਼ਾਂਤ ਰਹੋ ਅਤੇ ਸਰੀਰਕ ਤਾਕਤ ਵਰਤ ਕੇ ਉਹਨਾਂ ਦਾ ਵਿਰੋਧ ਨਾ ਕਰੋ। ਅਜਿਹਾ ਕਰਨ ਨਾਲ ਤੁਹਾਡੇ ਸੱਟ ਪੇਟ ਲੱਗ ਸਕਦੀ ਹੈ ਅਤੇ ਤੁਸੀਂ ਗ੍ਰਿਫਤਾਰ ਵੀ ਕੀਤੇ ਜਾ ਸਕਦੇ ਹੋ। ਐਸੇ ਮੌਕੇ ਬਾਰ ਬਾਰ ਇਹੀ ਦੁਹਰਾਓ ਕਿ ਤੁਸੀਂ ਤਲਾਸ਼ੀ ਦੇਣ ਲਈ ਸਹਿਮਤ ਨਹੀਂ ਹੋ ਅਤੇ ਤੁਸੀਂ ਆਪਣੇ ਵਕੀਲ ਨਾਲ ਗਲ ਕਰਨਾ ਚਾਹੁੰਦੇ ਹੋ। ਤਲਾਸ਼ੀ ਲੈ ਰਹੇ ਅਧਿਕਾਰੀਆਂ ਦੇ ਨਾਂ, ਬੈਜ ਨੰਬਰ ਅਤੇ ਮਹਿਕਮੇ ਦਾ ਨਾਂ ਲਿਖ ਲਵੋ ਜਾਂ ਯਾਦ ਕਰ ਲਓ ਅਤੇ ਮੌਕਾ ਮਿਲਦੇ ਸਾਰ ਹੀ ਕਿਸੇ ਵਕੀਲ ਜਾਂ ਇਸ ਪਰਚੇ ਵਿਚ ਵਰਣਤ ਸੰਸਥਾ ਨਾਲ ਸੰਪਰਕ ਕਰੋ। ਯਾਦ ਰੱਖੋ ਕਿ ਤੁਸੀਂ ਗ੍ਰਿਫਤਾਰ ਹੋਣ ਤੋਂ ਬਾਅਦ ਵੀ ਸਰਕਾਰੀ ਅਧਿਕਾਰੀਆਂ ਵਲੋਂ ਮੰਗੇ ਜਾ ਰਹੇ ਜਵਾਬ ਜਾਂ ਬਿਆਨ ਦੇਣ ਲਈ ਪਾਬੰਦਤ ਨਹੀਂ ਹੋ।

**ਕੀ ਮੈਨੂੰ ਆਪਣਾ ਨਾਂ ਦੱਸਣਾ ਚਾਹੀਦਾ ਹੈ?**
ਕਾਨੂੰਨੀ ਤੌਰ ਤੇ ਤੁਸੀਂ ਆਪਣਾ ਨਾਂ ਦੱਸਣ ਲਈ ਓਨਾ ਚਿਰ ਪਾਬੰਦਤ ਨਹੀਂ ਹੋ ਜਿਨਾਂ ਚਿਰ ਤੁਹਾਡੇ ਉਪਰ ਕਿਸੇ ਫੋਜਦਾਰੀ ਜੁਰਮ ਦਾ ਸ਼ੱਕ ਨਹੀਂ ਹੈ ਪਰ ਤੁਹਾਡੇ ਨਾਂ ਦੱਸਣ ਤੋਂ ਇਨਕਾਰ ਕਰਨ ਨਾਲ ਸਰਕਾਰੀ ਅਧਿਕਾਰੀ ਤੁਹਾਡੇ ਉਪਰ ਸ਼ੱਕ ਕਰ ਸਕਦੇ ਹਨ। ਯਾਦ ਰੱਖੋ ਕਿ ਉਹਨਾਂ ਕੋਲ ਦੇਸ਼ ਵਿਚੋਂ ਕੱਢੇ ਜਾਣ ਵਾਲੇ ਵਿਅਕਤੀਆਂ ਦੇ ਨਾਂਵਾਂ ਦੀ ਸੂਚੀ ਹੋ ਸਕਦੀ ਹੈ। ਸਰਕਾਰੀ ਅਧਿਕਾਰੀਆਂ ਨੂੰ ਝੂਠਾ ਨਾਂ ਦੱਸਣਾ ਇਕ ਜੁਰਮ ਹੋ ਸਕਦਾ ਹੈ। ਜੇਕਰ ਅਧਿਕਾਰੀਆਂ ਨੇ ਤੁਹਾਨੂੰ ਕਾਰ ਚਲਾਉਂਦਿਆਂ ਹੋਇਆਂ ਰੋਕਿਆ ਹੈ ਤਾਂ ਤੁਹਾਨੂੰ ਆਪਣਾ ਡਰਾਈਵਰ ਲਾਈਸੈਂਸ, ਕਾਰ ਦੀ ਰੈਜਿਸਟਰੇਸ਼ਨ ਅਤੇ ਇਨਸ਼ੁਰੈਂਸ ਦਾ ਸਬੂਤ ਵਖਾਉਣਾ ਪਵੇਗਾ। ਐਸੇ ਮੌਕੇ ਤੁਹਾਨੂੰ ਕਾਰ ਦੀ ਤਲਾਸ਼ੀ ਦੇਣ ਲਈ ਸਹਿਮਤ ਹੋਣ ਦੀ ਜਰੂਰਤ ਨਹੀਂ ਹੈ ਪਰ ਅਧਿਕਾਰੀਆਂ ਕੋਲ ਤਲਾਸ਼ੀ ਲੈਣ ਲਈ ਕੋਈ ਕਾਨੂੰਨੀ ਨੁਕਤਾ ਹੋ ਸਕਦਾ ਹੈ।

**ਜੇਕਰ ਮੇਰੇ ਗਲਬਾਤ ਤੋਂ ਨਾਂਹ ਕਰਨ ਉਪਰੰਤ ਪੁਲੀਸ ਜਾਂ ਐਫ. ਬੀ. ਆਈ. ਮੈਨੂੰ ਗਰੈਂਡ ਜਿਊਰੀ ਸਬਪੀਨਾ ਦੀ ਧਮਕੀ ਦੇਵੇ?**
ਗਰੈਂਡ ਜਿਊਰੀ ਸਬਪੀਨਾ (grand jury subpoena) ਲਈ ਇਕ ਲਿਖਤੀ ਹੁਕਮ ਹੁੰਦਾ ਹੈ ਕਿ ਤੁਸੀਂ ਅਦਾਲਤ ਵਿਚ ਪੇਸ਼ ਹੋ ਕੇ ਕਿਸੇ ਤਰ੍ਹਾਂ ਦੀ ਜਾਣਕਾਰੀ ਦਿਓ। ਇਸ ਤਰ੍ਹਾਂ ਦੀਆਂ ਧਮਕੀਆਂ ਦੇਣਾ ਐਫ. ਬੀ. ਆਈ. ਵਾਸਤੇ ਆਮ ਗਲ ਹੈ। ਗਰੈਂਡ ਜਿਊਰੀ ਵਲੋਂ ਸਬਪੀਨਾ ਮਿਲਣ ਦਾ ਇਹ ਮਤਲਬ ਨਹੀਂ ਕਿ ਤੁਸੀਂ ਕਿਸੇ ਜੁਰਮ ਦੇ ਦੋਸ਼ੀ ਹੋ। ਇਸ ਤੋਂ ਇਲਾਵਾ ਕੁੱਝ ਅਜਿਹੇ ਕਾਨੂੰਨੀ ਨੁਕਤੇ ਵੀ ਹਨ ਜੋ ਕਿ ਤੁਹਾਨੂੰ ਸਬਪੀਨਾ ਜਾਂ ਅਦਾਲਤ ਵਿਚ ਜਾ ਕੇ ਜਾਣਕਾਰੀ ਦੇਣ ਤੋਂ ਛੋਟ ਦਵਾ ਸਕਦੇ ਹਨ।

**ਜੇਕਰ ਪੁਲੀਸ ਜਾਂ ਐਫ. ਬੀ. ਆਈ. ਮੇਰੇ ਨਾਲ ਬੁਰਾ ਵਰਤਾਓ ਕਰਦੀ ਹੈ?**
ਤੁਸੀਂ ਪੁੱਛਗਿਛ ਜਾਂ ਬੁਰਾ ਵਰਤਾਓ ਕਰ ਰਹੇ ਅਧਿਕਾਰੀਆਂ ਦੇ ਨਾਂ, ਬੈਜ ਨੰਬਰ ਅਤੇ ਮਹਿਕਮੇ ਦਾ ਨਾਂ ਯਾਦ ਰੱਖੋ। ਤੁਹਾਨੂੰ ਇਹ ਅਧਿਕਾਰ ਹੈ ਕਿ ਤੁਸੀਂ ਉਹਨਾਂ ਨੂੰ ਉਹਨਾਂ ਦੀ ਪਛਾਣ ਬਾਰੇ ਪੁੱਛ ਸਕਦੇ ਹੋ। ਮੌਕਾ ਮਿਲਦੇ ਸਾਰ ਹੀ ਸਾਰੀ ਗਲਬਾਤ ਵਿਸਥਾਰ ਨਾਲ ਲਿਖ ਲਵੋ ਅਤੇ ਕੋਈ ਮੌਕੇ ਦਾ ਗਵਾਹ ਲੱਭਣ ਦੀ ਕੋਸ਼ਿਸ਼ ਕਰੋ। ਜੇਕਰ ਤੁਹਾਨੂੰ ਕੋਈ ਸੱਟ ਪੇਟ ਲਗ ਜਾਂਦੀ ਹੈ ਤਾਂ ਛੇਤੀ ਨਾਲ ਡਾਕਟਰ ਕੋਲ ਜਾਓ ਅਤੇ ਜਖਮਾਂ ਜਾਂ ਰਗੜਾਂ ਵਾਲੀਆਂ ਥਾਵਾਂ ਦੀਆਂ ਫੋਟੋਆਂ ਲੈ ਲਓ। ਫਿਰ ਫੌਰੀ ਕਿਸੇ ਵਕੀਲ ਜਾਂ ਸੰਸਥਾ ਨਾਲ ਸੰਪਰਕ ਕਰੋ।

## ੩. ਜੇਕਰ ਮੈਂ ਯੂ. ਐੱਸ. ਨਾਗਰਿਕ ਨਹੀਂ ਅਤੇ ਆਈ. ਐੱਨ. ਐੱਸ. ਮੇਰੇ ਨਾਲ ਸੰਪਰਕ ਕਰੇ?

**ਆਪਣੇ ਹੱਕਾਂ ਦੀ ਮੰਗ ਕਰੋ।** ਜੇਕਰ ਤੁਸੀਂ ਆਪਣੇ ਹੱਕ ਜਾਹਰ ਨਹੀਂ ਕਰਦੇ ਜਾਂ ਕਿਸੇ ਐਸੇ ਕਾਗਜ ਉਪਰ ਦਸਤਖਤ ਕਰ ਦੇਂਦੇ ਹੋ ਜਿਸ ਨਾਲ ਤੁਹਾਡੇ ਹੱਕ ਬਰਖਾਸਤ ਹੋ ਜਾਂਦੇ ਹਨ ਤਾਂ ਆਈ. ਐੱਨ. ਐੱਸ. ਤੁਹਾਨੂੰ ਵਕੀਲ ਨਾਲ ਸੰਪਰਕ ਹੋਣ ਤੋਂ ਪਹਿਲਾਂ ਹੀ ਦੇਸ਼ ਵਿਚੋਂ ਬਾਹਰ ਕੱਢ ਸਕਦੀ ਹੈ।

**ਵਕੀਲ ਨਾਲ ਸੰਪਰਕ ਕਰੋ।** ਆਪਣੇ ਕੋਲ ਹਮੇਸ਼ਾਂ ਕਿਸੇ ਇਮੀਗਰੇਸ਼ਨ ਦੇ ਮਾਹਿਰ ਵਕੀਲ ਦਾ ਪਤਾ ਅਤੇ ਫੋਨ ਨੰਬਰ ਲਿਖ ਕੇ ਰੱਖੋ। ਤੁਹਾਡਾ ਗਰੀਨ ਕਾਰਡ ਜਾਂ I-94 ਜਾਂ ਵਰਕ ਪਰਮਿਟ ਸਦਾ ਤੁਹਾਡੇ ਕੋਲ ਹੋਣਾ ਚਾਹੀਦਾ ਹੈ। ਇਮੀਗਰੇਸ਼ਨ ਦੇ ਕਾਨੂੰਨ ਨੂੰ ਸਮਝਣਾ ਔਖਾ ਹੈ ਅਤੇ ਸਤੰਬਰ ੧੧ ਤੋਂ ਬਾਅਦ ਇਸ ਵਿਚ ਹੋਰ ਤਬਦੀਲੀਆਂ ਹੋਣ ਦੀ ਸੰਭਾਵਨਾ ਹੈ। ਆਈ. ਐੱਨ. ਐੱਸ. ਵਾਲੇ ਤੁਹਾਨੂੰ ਇਹ ਨਹੀਂ ਦੱਸਣਗੇ ਕਿ ਤੁਹਾਡੇ ਕੋਲ ਕਿਹੜੇ ਕਿਹੜੇ ਕਾਨੂੰਨੀ ਰਾਹ ਹਨ। ਇਸ ਕਰਕੇ ਲੋੜ ਪੈਣ ਤੇ ਫੌਰੀ ਕਿਸੇ ਵਕੀਲ ਨਾਲ ਸੰਪਰਕ ਕਰੋ।

**ਇਹ ਦੇਸ਼ ਛੱਡਣ ਤੋਂ ਪਹਿਲਾਂ ਕਿਸੇ ਇਮੀਗਰੇਸ਼ਨ ਦੇ ਮਾਹਿਰ ਵਕੀਲ ਨਾਲ ਜਰੂਰ ਗਲਬਾਤ ਕਰੋ** ਕਿਉਂਕਿ ਇਕ ਵੇਰ ਦੇਸ਼ ਵਿਚੋਂ ਕੱਢੇ ਜਾਣ ਬਾਅਦ ਇਸ ਦੇਸ਼ ਦੇ ਪੱਕੇ ਵਸਨੀਕਾਂ (permanent residents) ਜਾਂ ਐੱਲ. ਪੀ. ਆਰ. ਦੇ ਆਸਵੰਦਾਂ (LPR applicants) ਨੂੰ ਵੀ ਵਾਪਸ ਆਉਣ ਤੋਂ ਰੋਕਿਆ ਜਾ ਸਕਦਾ ਹੈ।

**ਮੌਜੂਦਾ ਕਾਨੂੰਨਾਂ ਅਨੁਸਾਰ ਗੈਰ-ਨਾਗਰਿਕਾਂ ਕੋਲ ਆਮ ਤੌਰ ਤੇ ਹੇਠ ਲਿਖੇ ਅਧਿਕਾਰ ਹਨ ਭਾਵੇਂ ਉਹਨਾਂ ਦਾ ਇਮੀਗਰੇਸ਼ਨ ਸਟੇਟਸ (immigration status) ਕੋਈ ਵੀ ਹੋਵੇ। ਪਰ ਇਹਨਾਂ ਕਾਨੂੰਨਾਂ ਵਿਚ ਕਿਸੇ ਵੇਲੇ ਵੀ ਤਬਦੀਲੀ ਹੋ ਸਕਦੀ ਹੈ ਇਸ ਕਰਕੇ ਲੋੜ ਸਮੇਂ ਇਮੀਗਰੇਸ਼ਨ ਦੇ ਮਾਹਰ ਵਕੀਲ ਨਾਲ ਗਲ ਕਰਨੀ ਹੀ ਬਿਹਤਰ ਹੈ। ਇਹ ਵੀ ਯਾਦ ਰੱਖੋ ਕਿ ਜਿਹੜੇ ਵਿਦੇਸ਼ੀ ਨਾਗਰਿਕ ਕਿਸੇ ਬਾਰਡਰ ਜਾਂ ਏਅਰਪੋਰਟ ਰਾਹੀਂ ਇਸ ਦੇਸ਼ ਵਿਚ ਆਉਣ ਦੀ ਕੋਸ਼ਿਸ਼ ਕਰ ਰਹੇ ਹਨ ਉਹਨਾਂ ਕੋਲ ਇਹ ਸਾਰੇ ਅਧਿਕਾਰ ਨਹੀਂ ਹਨ।**

- **ਆਮ ਤੌਰ ਤੇ ਤੁਹਾਨੂੰ ਕਿਸੇ ਕਾਗਜ ਉਪਰ ਦਸਤਖਤ ਕਰਨ ਜਾਂ ਸਵਾਲਾਂ ਦੇ ਜਵਾਬ ਦੇਣ ਤੋਂ ਪਹਿਲਾਂ ਵਕੀਲ ਨਾਲ ਗਲ ਕਰਨ ਦਾ ਅਧਿਕਾਰ ਹੈ।** ਜੇਕਰ ਤੁਹਾਨੂੰ ਹਿਰਾਸਤ ਵਿਚ ਲਿਆ ਗਿਆ ਹੈ ਤਾਂ ਤੁਹਾਨੂੰ ਆਪਣੇ ਵਕੀਲ ਜਾਂ ਪਰਵਾਰ ਨਾਲ ਸੰਪਰਕ ਕਰਨ ਦਾ ਅਧਿਕਾਰ ਹੈ। ਤੁਹਾਨੂੰ ਸਰਕਾਰੀ ਵਕੀਲ ਮੰਗਣ ਦਾ ਅਧਿਕਾਰ ਨਹੀਂ ਹੈ ਪਰ ਤੁਸੀਂ ਆਪਣਾ ਵਕੀਲ ਕਰ ਸਕਦੇ ਹੋ ਅਤੇ ਇਮੀਗਰੇਸ਼ਨ ਦੇ ਕੇਸ ਦੀ ਸੁਣਵਾਈ ਵੇਲੇ ਉਸ ਨੂੰ ਆਪਣੇ ਨਾਲ ਲਿਜਾ ਸਕਦੇ ਹੋ।
- **ਤੁਹਾਨੂੰ ਇਮੀਗਰੇਸ਼ਨ ਨਾਲ ਸਬੰਧਤ ਸਵਾਲਾਂ ਦੇ ਜਵਾਬ ਦੇਣ ਤੋਂ ਇਨਕਾਰ ਕਰਨ ਦਾ ਅਧਿਕਾਰ ਹੈ।** ਬਿਹਤਰ ਇਹੀ ਹੈ ਕਿ ਕਿਸੇ ਵੀ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਤੁਸੀਂ ਕਿਸੇ ਵਕੀਲ ਨਾਲ ਸੰਪਰਕ ਕਰੋ।
- **ਜੇਕਰ ਤੁਹਾਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਹੈ ਤਾਂ ਆਈ. ਐੱਨ. ਐੱਸ. ਕੋਲ ਇਹ ਫੈਸਲਾ ਕਰਨ ਲਈ ੪੮ ਘੰਟੇ ਦਾ ਸਮਾਂ ਹੁੰਦਾ ਹੈ ਕਿ ਤੁਹਾਨੂੰ ਇਮੀਗਰੇਸ਼ਨ ਪਰੋਸੀਡਿੰਗ ਵਾਸਤੇ ਭੇਜਿਆ ਜਾਵੇ ਜਾਂ ਹਿਰਾਸਤ ਵਿਚ ਰੱਖਿਆ ਜਾਵੇ ਜਾਂ ਜਮਾਨਤ ਤੇ ਛੱਡ ਦਿਤਾ ਜਾਵੇ।** ਪਰ ਨਵੇਂ ਬਣੇ ਕਾਨੂੰਨਾਂ ਅਨੁਸਾਰ ਆਈ. ਐੱਨ. ਐੱਸ. ਨੂੰ ਕਿਸੇ ਐਮਰਜੈਂਸੀ ਜਾਂ ਖਾਸ ਹਾਲਾਤਾਂ ਦੇ ਅਧਾਰ ਤੇ ਤੁਹਾਨੂੰ ਵਧੇਰੇ ਸਮੇਂ ਲਈ ਹਿਰਾਸਤ ਵਿਚ ਰੱਖਣ ਦੀ ਇਜਾਜਤ ਹੈ। ਜੇਕਰ ਆਈ. ਐੱਨ. ਐੱਸ. ਤੁਹਾਨੂੰ ੪੮ ਘੰਟਿਆਂ ਤੋਂ ਵੱਧ ਸਮੇਂ ਲਈ ਹਿਰਾਸਤ ਵਿਚ ਰੱਖਦੀ ਹੈ ਤਾਂ ਆਪਣੇ ਵਕੀਲ ਨੂੰ ਇਮੀਗਰੇਸ਼ਨ ਰਾਈਟਸ ਦੀ ਰਾਖੀ ਕਰਨ ਵਾਲੀਆਂ ਸੰਸਥਾਵਾਂ ਨਾਲ ਸੰਪਰਕ ਕਰਨ ਲਈ ਕਹੋ।
- **ਆਮ ਤੌਰ ਤੇ ਤੁਹਾਨੂੰ ਅਧਿਕਾਰ ਹੈ ਕਿ ਤੁਸੀਂ ਬੌਂਡ ਦੇ ਆਧਾਰ ਤੇ ਰਿਹਾਈ ਦੀ ਸਿੱਧੀ ਜਾਂ ਇਮੀਗਰੇਸ਼ਨ ਦੀ ਅਦਾਲਤ ਰਾਹੀਂ ਮੰਗ ਕਰ ਸਕਦੇ ਹੋ।** ਇਸ ਅਧਿਕਾਰ ਨੂੰ ਵਰਤਣ ਲਈ ਇਹ ਜਰੂਰੀ ਨਹੀਂ ਕਿ ਤੁਹਾਡੇ ਉਪਰ ਕੋਈ ਦੋਸ਼ ਲੱਗਾ ਹੋਵੇ। ਕਾਨੂੰਨ ਵਿਚ ਇਹ ਵਿਸਥਾਰ ਨਹੀਂ ਦਿਤਾ ਗਿਆ ਕਿ ਅਦਾਲਤ ਵਿਚ ਜਾਣ ਦੀ ਮੰਗ ਕਿਸ ਸਮੇਂ ਕੀਤੀ ਜਾਵੇ।
- **ਆਮ ਤੌਰ ਤੇ ਤੁਹਾਨੂੰ ਅਧਿਕਾਰ ਹੈ ਕਿ ਤੁਸੀਂ ਡੀਪੋਰਟ ਹੋਣ ਤੋਂ ਪਹਿਲਾਂ ਅਦਾਲਤ ਵਿਚ ਜਾਣ ਦੀ ਮੰਗ ਕਰ ਸਕਦੇ ਹੋ।** ਜੇਕਰ ਤੁਸੀਂ ਆਪ ਡੀਪੋਰਟ ਹੋਣ ਲਈ ਸਹਿਮਤੀ ਜਾਹਿਰ ਕਰਦੇ ਹੋ ਤਾਂ ਤੁਹਾਨੂੰ ਅਦਾਲਤੀ ਸੁਣਵਾਈ ਤੋਂ ਬਗੈਰ ਦੇਸ਼ ਵਿਚੋਂ ਬਾਹਰ ਕੱਢਿਆ ਜਾ ਸਕਦਾ ਹੈ। ਅਜਿਹਾ ਵਾਪਰਨ ਤੋਂ ਬਾਅਦ ਹੋ ਸਕਦਾ ਹੈ ਕਿ ਤੁਹਾਨੂੰ ਸਦਾ ਲਈ ਯੂ. ਐੱਸ. ਵਿਚ ਵਾਪਸ ਆਉਣ ਜਾਂ ਕਾਨੂੰਨੀ ਤੌਰ ਤੇ ਇਮੀਗਰੇਸ਼ਨ ਲੈਣ ਤੋਂ ਇਨਕਾਰ ਹੋ ਜਾਵੇ। ਜੇਕਰ ਤੁਹਾਡੇ ਵਿਰੁੱਧ ਕਿਸੇ ਜੁਰਮ ਦਾ ਦੋਸ਼ ਲੱਗਾ ਹੈ ਜਾਂ ਤੁਸੀਂ ਗ੍ਰਿਫਤਾਰ ਕੀਤੇ ਗਏ ਹੋ ਤਾਂ ਤੁਹਾਨੂੰ ਜਰੂਰ ਕਿਸੇ ਵਕੀਲ ਨਾਲ ਸਲਾਹ ਕਰਕੇ ਪਤਾ ਕਰ ਲੈਣਾ ਚਾਹੀਦਾ ਹੈ ਕਿ ਤੁਹਾਨੂੰ ਅਦਾਲਤ ਵਿਚ ਜਾਣ ਦਾ ਅਧਿਕਾਰ ਹੈ ਜਾਂ ਨਹੀਂ।
- **ਜੇਕਰ ਤੁਸੀਂ ਵਿਦੇਸ਼ੀ ਹੋ ਪਰ ਯੂ. ਐੱਸ. ਵਿਚ ਗ੍ਰਿਫਤਾਰ ਕੀਤੇ ਗਏ ਹੋ ਤਾਂ ਤੁਹਾਨੂੰ ਆਪਣੇ ਦੇਸ਼ ਦੇ ਕੌਂਸੁਲੇਟ ਨੂੰ ਸੰਪਰਕ ਕਰਨ ਦਾ ਅਧਿਕਾਰ ਹੈ।** ਤੁਹਾਡੇ ਕੌਂਸੁਲੇਟ ਦੇ ਕਰਮਚਾਰੀ ਤੁਹਾਨੂੰ ਆ ਕੇ ਮਿਲ ਸਕਦੇ ਹਨ ਜਾਂ ਤੁਹਾਡੇ ਨਾਲ ਗਲਬਾਤ ਕਰ ਸਕਦੇ ਹਨ। ਉਹ ਤੁਹਾਡੀ ਵਕੀਲ ਲੱਭਣ ਵਿਚ ਮਦਦ ਕਰ ਸਕਦੇ ਹਨ ਅਤੇ ਤੁਹਾਡੇ ਪਰਵਾਰ ਨਾਲ ਵੀ ਸੰਪਰਕ ਕਰ ਸਕਦੇ ਹਨ। ਤੁਹਾਡੇ ਕੋਲ ਕੌਂਸੁਲੇਟ ਤੋਂ ਮਦਦ ਲੈਣ ਤੋਂ ਇਨਕਾਰ ਕਰਨ ਦਾ ਵੀ ਅਧਿਕਾਰ ਹੈ।

## ੪. ਮੇਰੇ ਏਅਰਪੋਰਟ ਵਿਚ ਕੀ ਅਧਿਕਾਰ ਹਨ?

ਜਦੋਂ ਤੁਸੀਂ ਟਿਕਟ ਖਰੀਦ ਕੇ ਏਅਰਪੋਰਟ ਵਿਚ ਪਹੁੰਚਦੇ ਹੋ ਤਾਂ ਏਅਰਪੋਰਟ ਦੇ ਕਰਮਚਾਰੀਆਂ ਨੂੰ ਤੁਹਾਡੀ ਅਤੇ ਤੁਹਾਡੇ ਸਮਾਨ ਦੀ ਤਲਾਸ਼ੀ ਕਰਨ ਦਾ ਅਧਿਕਾਰ ਮਿਲ ਜਾਂਦਾ ਹੈ। ਮੁੱਢਲੀ ਤਲਾਸ਼ੀ ਕਰਨ ਉਪਰੰਤ ਉਹ ਹੋਰ ਵਿਸਥਾਰਿਤ ਤਲਾਸ਼ੀ ਵੀ ਲੈ ਸਕਦੇ ਹਨ। ਜੇਕਰ ਤਲਾਸ਼ੀ ਦੌਰਾਨ ਕੋਈ ਸ਼ੱਕੀ ਚੀਜ ਮਿਲ ਜਾਵੇ ਤਾਂ ਕਾਨੂੰਨ ਵਿਚ ਇਸ ਗੱਲ ਦਾ ਵਰਨਣ ਨਹੀਂ ਕੀਤਾ ਗਿਆ ਕਿ ਤੁਹਾਡੇ ਕੋਲ ਏਅਰਪੋਰਟ ਤੋਂ ਬਾਹਰ ਜਾਣ ਦਾ ਅਧਿਕਾਰ ਹੈ ਜਾਂ ਨਹੀਂ। ਜਹਾਜ ਦਾ ਪਾਇਲਟ ਐਸੇ ਵਿਅਕਤੀ ਨੂੰ ਜਹਾਜ ਵਿਚ ਚੜ੍ਹਾਉਣ ਤੋਂ ਇਨਕਾਰ ਕਰ ਸਕਦਾ ਹੈ ਜਿਸ ਤੋਂ ਉਸ ਨੂੰ ਯਾਤਰੀਆਂ ਜਾਂ ਉਡਾਣ ਦੇ ਖਤਰੇ ਦਾ ਡਰ ਮਹਿਸੂਸ ਹੋਵੇ। ਯੂ. ਐੱਸ. ਕਸਟਮ ਸਰਵਿਸ ਨੂੰ ਦੇਸ਼ ਵਿਚ ਆ ਰਹੇ ਹਰ ਯਾਤਰੀ ਅਤੇ ਉਸਦੇ ਸਮਾਨ ਦੀ ਤਲਾਸ਼ੀ ਲੈਣ ਦੀ ਇਜਾਜਤ ਹੈ।

## ੫. ਜੇਕਰ ਮੇਰੀ ਉਮਰ ੧੮ ਸਾਲ ਤੋਂ ਘੱਟ ਹੈ?

**ਕੀ ਮੇਰੇ ਲਈ ਸਵਾਲਾਂ ਦੇ ਜਵਾਬ ਦੇਣੇ ਲਾਜਮੀ ਹਨ?**
ਨਹੀਂ ਨਾਬਾਲਿਗਾਂ (minors) ਲਈ ਸਵਾਲਾਂ ਦੇ ਜਵਾਬ ਦੇਣੇ ਲਾਜਮੀ ਨਹੀਂ ਹਨ ਕਿਉਂਕਿ ਉਹਨਾਂ ਨੂੰ ਵੀ ਪੁੱਛਗਿਛ ਸਮੇਂ ਚੁੱਪ ਰਹਿਣ ਦਾ ਅਧਿਕਾਰ ਹੈ। ਉਹ ਪੁਲੀਸ, ਸਕੂਲ ਅਧਿਕਾਰੀਆਂ ਜਾਂ ਪਰੋਬੇਸ਼ਨ ਅਫਸਰਾਂ (probation